# ਮਾਤਾ ਗੁਜਰੀ ਕਾਲਜ

**ਫਤਹਿਗੜ੍ਹ ਸਾਹਿਬ (ਪੰਜਾਬ) 140406**

**ਅਟੌਨੋਮਸ ਕਾਲਜ**

**(ਨੈਕ ਵੱਲੋਂ ਪੁਨਰ-ਪ੍ਰਮਾਣਿਤ 'ਏ' ਗਰੇਡ)**

**ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮਾਨਤਾ ਪ੍ਰਾਪਤ**

## ਦਫ਼ਤਰ ਕੰਟਰੋਲਰ(ਪ੍ਰੀਖਿਆਵਾਂ)

---

**ਪੱਤਰ ਨੰ.ਮ.ਗ.ਕ/24-25/੨੪੦** **ਮਿਤੀ:12.09.2024**

**ਵਿਸ਼ੇਸ਼ ਮੌਕਾ(ਗੋਲਡਨ ਚਾਂਸ) ਪ੍ਰੀਖਿਆ ਸਬੰਧੀ ਨੋਟਿਸ**

ਪੰਜਾਬੀ ਯੂਨੀਵਰਸਿਟੀ,ਪਟਿਆਲਾ ਦੇ ਮਿਤੀ 27.06.2024 ਨੂੰ ਜਾਰੀ ਪੱਤਰ ਦੀ ਲੋਅ ਵਿੱਚ ਅਜਿਹੇ ਵਿਦਿਆਰਥੀਆਂ ਨੂੰ ਇੱਕ ਵਿਸੇਸ ਮੌਕਾ ਦਿੱਤਾ ਜਾਂਦਾ ਹੈ ਜੋ ਆਪਣੀ ਡਿਗਰੀ ਕਿਸੇ ਵਿਸੇ ਵਿੱਚ ਰੀਅਪੀਅਰ ਹੋਣ ਕਰਕੇ ਜਾਂ ਸਾਰੇ ਮੌਕੇ/ਕੋਰਸ ਦੀ ਸਮਾਂ ਸੀਮਾ ਖਤਮ ਹੋ ਜਾਣ ਕਰਕੇ ਪੂਰੀ ਨਹੀਂ ਕਰ ਸਕੇ ।ਇਸ ਦੇ ਨਾਲ ਹੀ ਕੁੱਝ ਵਿਦਿਆਰਥੀ ਅਜਿਹੇ ਹਨ,ਜਿਨ੍ਹਾਂ ਨੇ ਆਪਣੇ ਕਲਾਸ/ਕੋਰਸ ਵਿੱਚ ਇਨਵਾਇਰਨਮੈਂਟ ਐਂਡ ਰੋਡ ਸੇਫਟੀ ਅਵੇਅਰਨੈਸ(EVS) ਅਤੇ ਡਰੱਗ ਐਬਿਊਜ਼ ਦਾ ਪੇਪਰ ਕੁਆਲੀਫਾਈ ਨਹੀਂ ਕੀਤਾ ਜਿਸ ਕਾਰਣ ਯੂ.ਜੀ.ਸੀ ਨਿਯਮਾਂ ਅਨੁਸਾਰ ਉਨ੍ਹਾਂ ਨੂੰ ਡਿਗਰੀ ਜਾਰੀ ਨਹੀਂ ਹੋ ਸਕੀ।

ਇਸ ਵਿਸੇਸ਼ ਮੌਕੇ ਅਧੀਨ ਪ੍ਰੀਖਿਆ ਦੇਣ ਦੇ ਇਛੁੱਕ ਵਿਦਿਆਰਥੀ ਹੇਠ ਲਿਖੇ ਅਨੁਸਾਰ ਫੀਸ/ਪ੍ਰੀਖਿਆ ਫਾਰਮ ਭਰਨਗੇ ਅਤੇ ਉਨ੍ਹਾਂ ਦੀ ਪਾਤਰਤਾ ਅਤੇ ਪ੍ਰੀਖਿਆ ਸ਼ਡਿਊਲ ਹੇਠ ਲਿਖੇ ਅਨੁਸਾਰ ਹੋਵੇਗਾ:

1. ਈਵਨ ਸਮੈਸਟਰ ਦੀ ਪ੍ਰੀਖਿਆ ਦੇਣ ਵਾਲੇ ਵਿਦਿਆਰਥੀ ਈਵਨ ਸਮੈਸਟਰ ਦੀਆਂ ਪ੍ਰੀਖਿਆਵਾਂ ਦੌਰਾਨ(ਮਈ-2025) ਅਤੇ ਓਡ ਸਮੈਸਟਰ ਦੀਆਂ ਪ੍ਰੀਖਿਆਵਾਂ ਦੇਣ ਵਾਲੇ ਵਿਦਿਆਰਥੀ ਓਡ ਸਮੈਸਟਰ ਦੀਆਂ ਪ੍ਰੀਖਿਆਵਾਂ(ਨਵੰਬਰ-2024) ਦੌਰਾਨ ਹੀ ਆਪਣੀ ਪ੍ਰੀਖਿਆ ਦੇ ਸਕਣਗੇ।ਉਨ੍ਹਾਂ ਲਈ ਕੋਈ ਵਿਸੇਸ ਤੌਰ ਤੇ ਅਲੱਗ ਪ੍ਰੀਖਿਆ ਕੰਡਕਟ ਨਹੀਂ ਕਰਵਾਈ ਜਾਵੇਗੀ।
2. ਅਜਿਹੇ ਵਿਦਿਆਰਥੀ ਜੋ ਆਪਣੀ ਰੀ-ਅਪੀਅਰ ਪ੍ਰੀਖਿਆ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਦੇ ਸਮਾਂ ਸੀਮਾਂ ਵਿੱਚ ਮਿਲੇ ਮੌਕਿਆ ਵਿੱਚ ਪਾਸ ਨਹੀਂ ਕਰ ਸਕੇ,ਉਨ੍ਹਾਂ ਲਈ ਵਿਸ਼ੇਸ ਮੌਕਾ ਪ੍ਰੀਖਿਆ ਲਈ ਫੀਸ 53000/- ਰੁਪਏ ਉਕਾ-ਪੁੱਕਾ (ਇੱਕ ਕੋਰਸ ਦੇ ਵੱਧ ਤੋਂ ਵੱਧ ਤਿੰਨ ਵਿਸ਼ਿਆਂ ਦੇ ਪੇਪਰ ਜਾਂ ਵੱਖ ਵੱਖ ਸਮੈਸਟਰਾਂ ਲਈ) ਪੇਪਰਾਂ ਸਬੰਧੀ ਆਖਰੀ ਫੈਸਲਾ ਲੈਣ ਦਾ ਅਧਿਕਾਰ ਕੰਟਰੋਲਰ(ਪ੍ਰੀਖਿਆਵਾਂ) ਕੋਲ ਹੋਵੇਗਾ।
3. ਇਨਵਾਇਰਨਮੈਂਟ ਐਂਡ ਰੋਡ ਸੇਫਟੀ ਅਵੇਅਰਨੈਸ(EVS) ਅਤੇ ਡਰੱਗ ਐਬਿਊਜ਼ ਦੇ ਪੇਪਰ ਦੇਣ ਲਈ ਸਪੈਸ਼ਲ ਮੌਕਾ ਫੀਸ 5000/- ਰੁਪਏ ਨਿਰਧਾਰਿਤ ਕੀਤੀ ਗਈ ਹੈ।ਪ੍ਰੀਖਿਆ ਫੀਸ ਅਤੇ ਫਾਰਮ ਦੀ ਫੀਸ ਵੱਖਰੀ ਹੋਵੇਗੀ।ਜਿਨ੍ਹਾਂ ਵਿਦਿਆਰਥੀਆਂ ਨੇ EVS ਅਤੇ Drug Abuse ਦੋਵੇ ਪੇਪਰਾਂ ਦੀ ਪ੍ਰੀਖਿਆਂ ਦੇਣੀ ਹੈ ਉਨ੍ਹਾਂ ਨੂੰ ਇਨ੍ਹਾਂ ਪ੍ਰੀਖਿਆਵਾਂ ਲਈ ਸਪੈਸ਼ਲ ਮੌਕਾ ਫੀਸ 5000/- ਰੁਪਏ ਅਤੇ ਪ੍ਰੀਖਿਆ ਫੀਸ ਅਤੇ ਫਾਰਮ ਦੀ ਫੀਸ ਵੱਖੋ-ਵੱਖਰੀ ਭਰਨੀ ਹੋਵੇਗੀ।
4. ਇਸ ਵਿਸ਼ੇਸ਼ ਮੌਕਾ ਪ੍ਰੀਖਿਆ ਲਈ ਇੱਛੁਕ ਵਿਦਿਆਰਥੀ ਆਪਣੇ ਪ੍ਰੀਖਿਆ ਫਾਰਮ ਅਤੇ ਬਣਦੀ ਫੀਸ,ਮਿਤੀ **30.10.2024** ਤੱਕ ਜਮ੍ਹਾਂ ਕਰਵਾ ਸਕਦੇ ਹਨ।ਪ੍ਰੀਖਿਆ ਫਾਰਮ ਅਤੇ ਪ੍ਰੀਖਿਆ ਫੀਸ ਕੇਵਲ ਆਫ ਲਾਈਨ ਮੋਡ ਰਾਂਹੀ ਹੀ ਸਵੀਕਾਰ ਕੀਤੇ ਜਾਣਗੇ।

ਹਰਜੀਤ ਸਿੰਘ

**ਕੰਟਰੋਲਰ ਪ੍ਰੀਖਿਆਵਾਂ**
**ਮਾਤਾ ਗੁਜਰੀ ਕਾਲਜ**
**ਫਤਹਿਗੜ੍ਹ ਸਾਹਿਬ**



Scanned with CamScanner